Alberta

ਨਿਊਜ਼ ਰਿਲੀਜ਼

# ਐਥਨੋਕਲਚਰਲ ਗਰਾਂਟਾਂ ਕੰਮ ਰਹੀਆਂ ਹਨ

08 ਅਪਰੈਲ 2025 ਮੀਡੀਆ ਇੰਨਕੁਆਰੀਆਂ

## ਐਲਬਰਟਾ ਐਥਨੋਕਲਚਰਲ ਗਰਾਂਟ ਪ੍ਰੋਗਰਾਮ ਸੂਬੇ ਭਰ ਵਿੱਚ ਕਮਿਊਨਿਟੀ-ਸੰਚਾਲਿਤ ਬਹੁਸੱਭਿਆਚਾਰਕ ਪਹਿਲਕਦਮੀਆਂ ਦੀ ਸਹਾਇਤਾ ਕਰਦਾ ਹੈ।

ਐਲਬਰਟਾ ਸਰਕਾਰ ਇੱਕ ਅਜਿਹੇ ਸੂਬੇ ਦੀ ਉਸਾਰੀ ਕਰਨ ਲਈ ਵਚਨਬੱਧ ਹੈ ਜਿੱਥੇ ਸਾਰੇ ਪਿਛੋਕੜਾਂ ਦੇ ਲੋਕਾਂ ਦੀ ਕਦਰ ਅਤੇ ਸਤਿਕਾਰ ਕੀਤਾ ਜਾਵੇ। ਐਥਨੋਕਲਚਰਲ  ਗਰਾਂਟ ਪ੍ਰੋਗਰਾਮ ਅਜਿਹਾ ਤਰੀਕਾ ਹੈ ਜਿਸ ਦੁਆਰਾ ਜੀਵੰਤ ਪ੍ਰਕਾਰ ਦੀਆਂ ਅਤੇ ਸਵਾਗਤ ਕਰਨ ਵਾਲੀਆਂ ਮਲਟੀਕਲਚਰਲ ਕਮਿਊਨਿਟੀਆਂ ਦਾ ਸਮਰਥਨ ਹੋ ਸਕਦਾ ਹੈ। ਬੱਜਟ 2025, ਸੱਭਿਆਚਾਰਕ ਵਿਭਿੰਨਤਾ ਅਤੇ ਇੰਡਿਜਨਸ ਸੱਭਿਆਚਾਰਾਂ ਦਾ ਜਸ਼ਨ ਮਨਾਉਂਦੇ ਅਤੇ ਸਮਰਥਨ ਕਰਦੇ ਹੋਏ ਤਿੰਨ ਸਾਲਾਂ ਵਿੱਚ ਅੰਤਰ-ਸੱਭਿਆਚਾਰਕ ਜਾਣਕਾਰੀ ਅਤੇ ਸਮਝ ਨੂੰ ਉਤਸ਼ਾਹਿਤ ਕਰਨਾ ਜਾਰੀ ਰੱਖਣ ਲਈ 12 ਮਿਲੀਅਨ ਡਾਲਰ ਮੁਹੱਈਆ ਕਰਦਾ ਹੈ।

“"ਐਲਬਰਟਾ ਜੀਵੰਤ ਪ੍ਰਕਾਰ ਦੀਆਂ ਬਹੁਸੱਭਿਆਚਾਰਕ ਕਮਿਊਨਿਟੀਆਂ ਨਾਲ ਭਰਿਆ ਪਿਆ ਹੈ ਅਤੇ ਇਹ ਗਰਾਂਟਾਂ ਕਮਿਊਨਿਟੀ-ਸੰਚਾਲਿਤ ਪਹਿਲਕਦਮੀਆਂ ਦਾ ਸਮਰਥਨ ਕਰਦੀਆਂ ਹਨ, ਜਿਹੜੀਆਂ ਕਈ ਐਥਨੋਕਲਚਰਲ ਗਰੁੱਪਾਂ ਨੂੰ ਆਪਣੀ ਵਿਲੱਖਣ ਪ੍ਰਕਾਰ ਦੀ ਵਿਰਾਸਤ ਨੂੰ ਐਲਬਰਟਾ ਵਾਸੀਆਂ ਨਾਲ ਸਾਂਝੇ ਕਰਨ ਦੇ ਮੌਕੇ ਮੁਹੱਈਆ ਕਰਦੀਆਂ ਹਨ। ਇਹ ਬਹੁਸੱਭਿਆਚਾਰਵਾਦ ਦਾ ਕਾਰਜਸ਼ੀਲ ਹੋਣਾ ਹੈ। "

*Muhammad Yaseen, ਮਿਨਿਸਟਰ ਆਫ ਇੰਮੀਗ੍ਰੇਸ਼ਨ ਅਤੇ ਮਲਟੀਕਲਚਰਲਿਜ਼ਮ*

2024-2025 ਦੇ ਵਿੱਤੀ ਵਰ੍ਹੇ ਵਾਸਤੇ ਸਭ ਤੋਂ ਤਾਜ਼ਾ ਇਨਟੇਕ 'ਚ, ਐਲਬਰਟਾ ਦੇ ਐਥਨੋਕਲਚਰਲ ਗਰਾਂਟ ਪ੍ਰੋਗਰਾਮ ਨੇ 140 ਕਮਿਊਨਿਟੀ ਗਰੁੱਪਾਂ ਨੂੰ ਤਕਰੀਬਨ 5 ਮਿਲੀਅਨ ਡਾਲਰ ਗਰਾਂਟ ਫੰਡਾਂ ਦੀ ਸ਼ਕਲ 'ਚ, ਉਨ੍ਹਾਂ ਪਹਿਲਕਦਮੀਆਂ ਦੀ ਸਹਾਇਤਾ ਲਈ ਮੁਹੱਈਆ ਕੀਤੇ, ਜਿੰਨ੍ਹਾਂ ਨੇ ਅੰਤਰ-ਸੱਭਿਆਚਾਰਕ ਜਾਗਰੂਕਤਾ ਅਤੇ ਸਮਝ ਨੂੰ ਬੜ੍ਹਾਵਾ ਦਿੱਤਾ।

Classification: Public

ਐਥਨੋਕਲਚਰਲ ਗਰਾਂਟ ਪ੍ਰੋਗਰਾਮ ਫੰਡਿੰਗ ਬਹੁਤ ਸਾਰੀਆਂ ਮਹੱਤਵਪੂਰਨ ਕਮਿਊਨਿਟੀ ਸੰਸਥਾਵਾਂ ਅਤੇ ਪਹਿਲਕਦਮੀਆਂ ਦੀ ਸਹਾਇਤਾ ਕਰਦੀ ਹੈ, ਜੋ ਐਲਬਰਟਾ ਦੀਆਂ ਵਿਭਿੰਨ ਬਹੁਸੱਭਿਆਚਾਰਕ ਕਮਿਊਨਿਟੀਆਂ ਨੂੰ ਪ੍ਰਦਰਸ਼ਿਤ ਕਰਦੀਆਂ ਅਤੇ ਉਨ੍ਹਾਂ ਦਾ ਜਸ਼ਨ ਮਨਾਉਂਦੀਆਂ ਹਨ। ਇਹ ਪ੍ਰੋਗਰਾਮ ਸੰਸਥਾਵਾਂ ਨੂੰ ਅੰਤਰ-ਸੱਭਿਆਚਾਰਕ ਕਮਿਊਨਿਟੀ-ਸ਼ਮੂਲੀਅਤ ਉਤਸ਼ਾਹਿਤ ਕਰਨ ਲਈ ਪ੍ਰਾਜੈਕਟ ਵਿਕਸਤ ਅਤੇ ਲਾਗੂ ਕਰਨ ਵਿੱਚ ਮਦਦ ਕਰਦਾ ਹੈ, ਅਤੇ ਅਜਿਹੀਆਂ ਪਹਿਲਕਦਮੀਆਂ ਨੂੰ ਫੰਡ ਦਿੰਦਾ ਹੈ ਜਿਹੜੀਆਂ ਸੱਭਿਆਚਾਰ ਸਾਂਭ-ਸੰਭਾਲ, ਸਮਾਜਿਕ ਏਕੀਕਰਨ ਅਤੇ ਕਮਿਊਨਿਟੀ ਡਿਵੈਲਪਮੈਂਟ ਨਾਲ ਸਬੰਧਤ ਹੁੰਦੀਆਂ ਹਨ। ਇਹਨਾਂ ਪਹਿਲਕਦਮੀਆਂ ਵਿੱਚ ਸੱਭਿਆਚਾਰਕ ਸਮਾਗਮ, ਵਿਦਿਅਕ ਪ੍ਰੋਗਰਾਮ ਅਤੇ ਕਮਿਊਨਿਟੀ ਆਊਟਰੀਚ ਗਤੀਵਿਧੀਆਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ, ਜਿਹੜੀਆਂ ਸੱਭਿਆਚਾਰਕ ਪਾੜੇ ਨੂੰ ਪੂਰਦੀਆਂ ਅਤੇ ਇੱਕ ਮਜ਼ਬੂਤ, ਵਧੇਰੇ ਸੰਮਿਲਤ ਪ੍ਰਕਾਰ ਦੇ ਸਮਾਜ ਨੂੰ ਬੜਾਵਾ ਦਿੰਦੀਆਂ ਹਨ।

*ਬੱਜਟ 2025, ਸਿੱਖਿਆ ਅਤੇ ਸਿਹਤ 'ਚ ਲਗਾਤਾਰ ਪੂੰਜੀ-ਨਿਵੇਸ਼ ਕਰਨ, ਪਰਿਵਾਰਾਂ ਲਈ ਟੈਕਸ ਘਟਾਉਣ ਅਤੇ ਆਰਥਿਕਤਾ 'ਤੇ ਧਿਆਨ ਕੇਂਦਰਿਤ ਕਰਨ ਦੁਆਰਾ ਐਲਬਰਟਾ ਨੂੰ ਦਰਪੇਸ਼ ਚੁਣੌਤੀਆਂ ਨੂੰ ਹੱਲ ਕਰਦਾ ਹੈ।*

## ਫੌਰੀ ਤੱਥ

- ਐਲਬਰਟਾ ਦੇ ਐਥਨੋਕਲਚਰਲ ਗਰਾਂਟ ਪ੍ਰੋਗਰਾਮ ਦੇ ਐਲਬਰਟਾ ਭਰ ਵਿਚ ਸੰਮਿਲਤ ਪ੍ਰਕਾਰ ਦੀਆਂ ਬਹੁਸੱਭਿਅਚਾਰਕ ਕਮਿਊਨਿਟੀਆਂ ਨੂੰ ਉਤਸ਼ਾਹਤ ਕਰਨ 'ਚ ਕਮਿਊਨਿਟੀ-ਸੰਚਾਲਿਤ ਪਹਿਲਕਦਮੀਆਂ ਦੇ ਸਮਰਥਨ ਵਾਸਤੇ ਦੋ ਸਟ੍ਰੀਮ ਹਨ।
  - ਸਟ੍ਰੀਮ 1 ਉਨ੍ਹਾਂ ਪ੍ਰਾਜੈਕਟਾਂ ਵਾਸਤੇ 50,000 ਡਾਲਰ ਤੱਕ ਮੁਹੱਈਆ ਕਰਦਾ ਹੈ, ਜਿਹੜੇ ਐਥਨੋਕਲਚਰਲ ਅਤੇ ਇੰਡਿਜਨਸ ਗਰੁੱਪਾਂ ਨਾਲ ਅੰਤਰ-ਸੱਭਿਆਚਾਰਕ ਸਬੰਧਾਂ ਲਈ ਮੌਕੇ ਪੈਦਾ ਕਰਦੇ ਹਨ।
  - ਸਟ੍ਰੀਮ 2 ਉਨ੍ਹਾਂ ਪ੍ਰਾਜੈਕਟਾਂ ਲਈ 15,000 ਡਾਲਰ ਤੱਕ ਮੁਹੱਈਆ ਕਰਦਾ ਹੈ ਜਿਹੜੇ ਵਿਭਿੰਨਤਾ ਦੇ ਜਸ਼ਨ ਮਨਾਉਣ ਦੇ ਮੌਕੇ ਪੈਦਾ ਕਰਦੇ ਹਨ।
- ਗਰਾਂਟ ਅਰਜ਼ੀਆਂ ਲਈ ਅਗਲਾ ਦਾਖਲਾ 2025 ਦੇ ਪੱਤਝੜ ਰੁੱਤ ਵਿੱਚ ਖੁੱਲ੍ਹਣ ਦੀ ਉਮੀਦ ਹੈ।

## ਸਬੰਧਤ ਜਾਣਕਾਰੀ

- Ethnocultural grant

## ਮੀਡੀਆ ਇੰਨਕੁਆਰੀਆਂ

**Neil Singh**

780-422-3559
ਪ੍ਰੈੱਸ ਸੈਕਰੇਟਰੀ, ਇੰਮੀਗਰੇਸ਼ਨ ਐਂਡ ਮਲਟੀਕਲਚਰਲਿਜ਼ਮ